Punjabi / ਪੰਜਾਬੀ

# ਤੁਹਾਡੇ ਰਾਜ ਦੀ ਸੰਸਦ ਬਾਰੇ

Community Education

Parliament of South Australia

## ਸਰਕਾਰ ਦੇ ਪੱਧਰ


ਆਸਟ੍ਰੇਲੀਆ ਵਿੱਚ ਸਰਕਾਰ ਦੇ ਤਿੰਨ ਪੱਧਰ ਹਨ - ਸਥਾਨਕ, ਰਾਜ ਅਤੇ ਸੰਘੀ।

**ਸੰਘੀ (ਫੈਡਰਲ):** ਆਸਟ੍ਰੇਲੀਆਈ ਸੰਵਿਧਾਨ ਵਿੱਚ ਨਿਰਧਾਰਤ ਕੀਤੇ ਗਏ ਮੁੱਦਿਆਂ ਲਈ ਫੈਡਰਲ ਪੱਧਰ ਦੀ ਸਰਕਾਰ ਜ਼ਿੰਮੇਵਾਰ ਹੈ, ਜਿਵੇਂ ਕਿ ਟੈਕਸ, ਅੰਤਰਰਾਸ਼ਟਰੀ ਸਬੰਧ (ਬਾਹਰੀ ਮਾਮਲੇ), ਰੱਖਿਆ, ਆਵਾਸ (ਇਮੀਗ੍ਰੇਸ਼ਨ) ਅਤੇ ਹੋਰ। ਸੰਘੀ ਪੱਧਰ 'ਤੇ ਬਣੇ ਕਾਨੂੰਨ ਪੂਰੇ ਆਸਟ੍ਰੇਲੀਆ ਵਿੱਚ ਲਾਗੂ ਹੁੰਦੇ ਹਨ।

**ਰਾਜ (ਸਟੇਟ):** ਰਾਜ/ਸੂਬੇ ਉਨ੍ਹਾਂ ਮੁੱਦਿਆਂ ਲਈ ਜ਼ਿੰਮੇਵਾਰ ਹੁੰਦੇ ਹਨ ਜੋ ਆਸਟਰੇਲੀਆਈ ਸੰਵਿਧਾਨ ਵਿੱਚ ਨਿਰਧਾਰਤ ਨਹੀਂ ਕੀਤੇ ਗਏ ਹਨ - ਉਹ ਚੀਜ਼ਾਂ ਜੋ ਸੰਘ ਦੇ ਸਮੇਂ ਸੂਬਿਆਂ 'ਤੇ ਛੱਡ ਦਿੱਤੀਆਂ ਗਈਆਂ ਸਨ। ਰਾਜ ਵੱਡੇ ਮੁੱਦਿਆਂ ਨਾਲ ਵੀ ਨਜਿੱਠਦੇ ਹਨ, ਜਿਵੇਂ ਕਿ ਸਿੱਖਿਆ, ਸਿਹਤ, ਐਮਰਜੈਂਸੀ ਸੇਵਾਵਾਂ, ਵਾਤਾਵਰਣ ਅਤੇ ਹੋਰ।

**ਸਥਾਨਕ (ਲੋਕਲ):** ਪੂਰੇ ਆਸਟ੍ਰੇਲੀਆ ਵਿੱਚ ਸੈਂਕੜੇ ਸਥਾਨਕ ਕੌਂਸਲਾਂ ਹਨ। ਕੌਂਸਲਾਂ ਘਰੋਂ ਨੇੜ ਦੇ ਮਾਮਲਿਆਂ ਨਾਲ ਨਜਿੱਠਦੀਆਂ ਹਨ, ਜਿਵੇਂ ਕਿ ਕਮਿਊਨਿਟੀ ਸੇਵਾਵਾਂ, ਖੇਡ ਦੇ ਮੈਦਾਨ, ਕੂੜਾ ਇਕੱਠਾ ਕਰਨਾ ਅਤੇ ਬਿਲਡਿੰਗ (ਨਿਰਮਾਣ ਦੇ) ਪਰਮਿਟ।

ਦੱਖਣੀ ਆਸਟ੍ਰੇਲੀਆ ਦੀ ਸੰਸਦ ਰਾਜ ਪੱਧਰ 'ਤੇ ਹੈ।




## ਸ਼ਕਤੀਆਂ ਦੀ ਵੰਡ

ਆਸਟ੍ਰੇਲੀਆ ਵਿੱਚ 1) ਕਾਨੂੰਨ ਬਣਾਉਣ, 2) ਕਾਨੂੰਨ ਲਾਗੂ ਕਰਨ, ਅਤੇ 3) ਕਾਨੂੰਨਾਂ ਬਾਰੇ ਫੈਸਲੇ ਲੈਣ ਦੀਆਂ ਸ਼ਕਤੀਆਂ, ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚਕਾਰ ਵੰਡੀਆਂ ਗਈਆਂ ਹਨ ਤਾਂ ਜੋ ਨਿਯੰਤਰਣ ਕਿਸੇ ਇੱਕ ਸੰਸਥਾ ਕੋਲ ਕੇਂਦਰਿਤ ਨਾ ਹੋਵੇ।

**ਸੰਸਦ / ਵਿਧਾਨ-ਮੰਡਲ (ਪਾਰਲੀਮੈਂਟ / ਲੇਜੀਸਲੇਚਰ)**: ਸੰਸਦ ਮੁੱਢਲੀ ਕਾਨੂੰਨ ਨਿਰਮਾਤਾ ਹੁੰਦੀ ਹੈ। ਸੰਸਦ ਵਿੱਚ ਕੰਮ ਕਰਨ ਵਾਲੇ ਚੁਣੇ ਹੋਏ ਨੁਮਾਇੰਦੇ ਲੋਕਾਂ ਲਈ ਕਾਨੂੰਨ ਬਣਾਉਂਦੇ ਹਨ।

**ਕਾਰਜਕਾਰੀ (ਐਗਜ਼ੈਕਿਉਟਿਵ):** ਮੰਤਰੀਆਂ ਦਾ ਇੱਕ ਸਮੂਹ (ਜੋ ਕਈ ਵਾਰ ਕੈਬਨਿਟ ਕਹਿਲਾਉਂਦਾ ਹੈ) ਅਤੇ ਇੱਕ ਅਜਿਹੀ ਜਨਤਕ ਸੇਵਾ ਨੂੰ ਐਗਜ਼ੈਕਿਉਟਿਵ ਕਿਹਾ ਜਾਂਦਾ ਹੈ ਜੋ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਮੰਤਰੀਆਂ ਦੇ ਅਧੀਨ ਕੰਮ ਕਰਦੀ ਹੈ। ਏਗਜ਼ੈਕਿਉਟਿਵ ਕਾਨੂੰਨ ਨੂੰ ਲਾਗੂ ਕਰਦੀ ਹੈ, ਜਾਂ ਇਸਨੂੰ ਅਮਲ ਵਿੱਚ ਲਿਆਉਂਦੀ ਹੈ। ਉਦਾਹਰਨ ਲਈ, ਪਬਲਿਕ ਸਕੂਲ ਦਾ/ਦੀ ਇੱਕ ਅਧਿਆਪਕ ਜਨਤਕ ਸਿੱਖਿਆ ਸੇਵਾ ਬਾਰੇ ਬਣੇ ਕਾਨੂੰਨਾਂ ਨੂੰ ਲਾਗੂ ਕਰਦਾ/ਦੀ ਹੈ। ਏਗਜ਼ੈਕਿਉਟਿਵ ਦੁਆਰਾ ਕੀਤੇ ਗਏ ਕਾਰਜ ਦੀ ਇੱਕ ਹੋਰ ਉਦਾਹਰਣ ਪੁਲਿਸ ਹੈ, ਜੋ ਸੰਸਦ ਦੁਆਰਾ ਬਣਾਏ ਗਏ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਦੀ ਹੈ।

**ਨਿਆਂਪਾਲਿਕਾ (ਜੁਡੀਸ਼ਿਅਰੀ)** ਨਿਆਂਪਾਲਿਕਾ ਅਦਾਲਤਾਂ ਦੀ ਪ੍ਰਣਾਲੀ ਦਾ ਨਾਮ ਹੈ। ਕਾਨੂੰਨ ਬਾਰੇ ਫੈਸਲੇ ਲੈਣ ਦੀ ਮੁੱਢਲੀ ਜ਼ਿੰਮੇਵਾਰੀ ਅਦਾਲਤਾਂ ਦੀ ਹੁੰਦੀ ਹੈ, ਉਦਾਹਰਨ ਲਈ, ਇਹ ਤੈਅ ਕਰਨਾ ਕਿ ਕੀ ਕੋਈ ਕਾਨੂੰਨ ਸਹੀ ਢੰਗ ਨਾਲ ਲਾਗੂ ਕੀਤਾ ਗਿਆ ਹੈ, ਜਾਂ ਕੀ ਉਸ ਨੂੰ ਉਸਦੀ ਸ਼ਕਤੀ ਦੇ ਦਾਇਰੇ ਦੇ ਅਧੀਨ ਬਣਾਇਆ ਗਿਆ ਸੀ ਜਾਂ ਨਹੀਂ।

ਦੱਖਣੀ ਆਸਟ੍ਰੇਲੀਆ ਦੀ ਸੰਸਦ, ਸਰਕਾਰ ਦੇ ਸੰਸਦ / ਲੈਜਿਸਲੇਚਰ ਵਿਭਾਗ ਦਾ ਇੱਕ ਹਿੱਸਾ ਹੈ।



ਸੰਸਦ / ਵਿਧਾਨ-ਮੰਡਲ (ਪਾਰਲੀਮੈਂਟ / ਲੇਜੀਸਲੇਚਰ) | ਕਾਰਜਕਾਰੀ (ਐਗਜ਼ੈਕਿਉਟਿਵ) | ਨਿਆਂਪਾਲਿਕਾ (ਜੁਡੀਸ਼ਿਅਰੀ)

## ਦੱਖਣੀ ਆਸਟ੍ਰੇਲੀਆਈ ਸੰਸਦ

ਦੋ ਸਦਨਾਂ ਵਾਲੀ ਸੰਸਦ ਦੀ ਸਥਾਪਨਾ ਕਰਨ ਲਈ 1856 ਵਿੱਚ ਦੱਖਣੀ ਆਸਟ੍ਰੇਲੀਆ ਵਿੱਚ ਇੱਕ ਸੰਵਿਧਾਨਕ ਕਾਨੂੰਨ ਦੀ ਘੋਸ਼ਣਾ ਕੀਤੀ ਗਈ ਸੀ। ਦੋਹਾਂ ਸਦਨਾਂ ਨੂੰ House of Assembly (ਵਿਧਾਨ ਸਭਾ ਸਦਨ) ਅਤੇ Legislative Council (ਵਿਧਾਨ ਪਰੀਸ਼ਦ) ਵਜੋਂ ਜਾਣਿਆ ਜਾਣਾ ਸੀ। ਦੁਨੀਆ ਦੀਆਂ ਸਭ ਤੋਂ ਪਹਿਲੀਆਂ ਗੁਪਤ ਚੋਣਾਂ ਵਿੱਚ ਇੱਕ ਦੇ ਹੋ ਜਾਣ ਤੋਂ ਬਾਅਦ, ਬੁੱਧਵਾਰ 22 ਅਪ੍ਰੈਲ 1857 ਨੂੰ ਰਾਜ ਦੀ ਪਹਿਲੀ ਸੰਸਦ ਦੀ ਬੈਠਕ ਹੋਈ।

**ਵਿਧਾਨਸਭਾ ਸਦਨ (ਹਾਊਸ ਆਫ ਅਸੈਂਬਲੀ):** ਵਿਧਾਨ ਸਭਾ ਦਾ ਸਦਨ, ਸੰਸਦ ਦੇ 47 ਮੈਂਬਰਾਂ (ਸਾਂਸਦਾਂ/MPs) ਦਾ ਬਣਿਆ ਹੁੰਦਾ ਹੈ। ਸਦਨ ਵਿੱਚ 47 ਸਾਂਸਦਾਂ ਨੂੰ 4 ਸਾਲ ਲਈ ਦੱਖਣੀ ਔਸਟ੍ਰੇਲਿਆਈ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਹੈ। ਸੰਸਦ ਦਾ ਇੱਕ ਮੈਂਬਰ ਲਗਭਗ 25,000 ਵੋਟਰਾਂ ਦੇ ਚੋਣ-ਖੇਤਰ ਦੀ ਨੁਮਾਇੰਦਗੀ ਕਰਦਾ ਹੈ। ਜਿਹੜੀ ਰਾਜਨੀਤਿਕ ਪਾਰਟੀ ਵਿਧਾਨ ਸਭਾ ਸਦਨ (ਹਾਊਸ ਆਫ ਅਸੈਂਬਲੀ) ਵਿੱਚ ਸੰਸਦ ਮੈਂਬਰਾਂ ਦੀ ਬਹੁਮਤ ਸਾਬਿਤ ਕਰ ਪਾਉਂਦੀ ਹੈ, ਉਹ ਦੱਖਣੀ ਆਸਟ੍ਰੇਲੀਆ ਦੀ ਸਰਕਾਰ ਬਣ ਜਾਂਦੀ ਹੈ, ਅਤੇ ਉਸ ਕੋਲ ਉਨ੍ਹਾਂ ਮੰਤਰੀਆਂ ਦੀ ਚੋਣ ਕਰਨ ਦਾ ਅਧਿਕਾਰ ਹੁੰਦਾ ਹੈ ਜੋ ਐਗਜ਼ੈਕਿਉਟਿਵ ਨੂੰ ਚਲਾਉਂਦੇ ਹਨ। ਸਪੀਕਰ ਅਨੁਸ਼ਾਸਨ ਨੂੰ ਕਾਇਮ ਰੱਖਦਾ ਹੈ, ਅਤੇ ਵਿਧਾਨ ਸਭਾ ਦਾ ਪ੍ਰਤੀਕ ਗਦਾ (Mace) ਹੁੰਦਾ ਹੈ।

**ਵਿਧਾਨ ਪਰੀਸ਼ਦ (ਲੈਜਿਸਲੇਟਿਵ ਕੌਂਸਲ):** ਵਿਧਾਨ ਪਰੀਸ਼ਦ 22 ਮੈਂਬਰਾਂ (MLCs) ਦੀ ਬਣੀ ਹੋਈ ਹੈ। ਦੱਖਣੀ ਆਸਟ੍ਰੇਲੀਆ ਦੇ ਲੋਕਾਂ ਦੁਆਰਾ MLCs ਨੂੰ 8 ਸਾਲਾਂ ਲਈ ਚੁਣਿਆ ਜਾਂਦਾ ਹੈ, ਅਤੇ MLCs ਪੂਰੇ ਰਾਜ ਦੀ ਨੁਮਾਇੰਦਗੀ ਕਰਦੇ ਹਨ। ਇਸਦਾ ਮਤਲਬ ਹੈ ਕਿ ਸਾਰੇ 22 MLC ਤੁਹਾਡੇ ਲਈ ਕੰਮ ਕਰਦੇ ਹਨ। ਵਿਧਾਨ ਪਰੀਸ਼ਦ ਲਈ ਵੋਟਾਂ ਦੀ ਗਿਣਤੀ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ, ਅਤੇ ਸੰਸਦ ਦੇ ਇਸ ਸਦਨ ਵਿੱਚ ਅਕਸਰ ਛੋਟੀਆਂ ਪਾਰਟੀਆਂ ਜਾਂ ਆਜ਼ਾਦ (ਇੰਡਿਪੇਂਡੇਂਟ) ਮੈਂਬਰ ਜ਼ਿਆਦਾ ਹੁੰਦੇ ਹਨ। ਪ੍ਰੈਜ਼ੀਡੈਂਟ ਅਨੁਸ਼ਾਸਨ ਨੂੰ ਕਾਇਮ ਰੱਖਦਾ ਹੈ, ਅਤੇ ਵਿਧਾਨ ਪਰੀਸ਼ਦ ਦਾ ਪ੍ਰਤੀਕ 'ਬਲੈਕ ਰਾਡ (Black Rod)' ਹੁੰਦਾ ਹੈ।

## ਸੰਸਦ ਦੇ ਕੰਮ

ਮੁੱਖ ਤੌਰ 'ਤੇ ਸੰਸਦ ਦੇ ਚਾਰ ਕੰਮ ਹਨ:

**ਨੁਮਾਇੰਦਗੀ:** ਸੰਸਦ ਉਹ ਸਥਾਨ ਹੈ ਜਿੱਥੇ ਦੱਖਣੀ ਆਸਟ੍ਰੇਲੀਆ ਦੇ ਲੋਕਾਂ ਦੀ ਪ੍ਰਤੀਨਿਧਤਾ, ਉਨ੍ਹਾਂ ਦੇ ਸੰਸਦ ਮੈਂਬਰਾਂ ਦੁਆਰਾ ਕੀਤੀ ਜਾਂਦੀ ਹੈ। ਇਹ ਯਕੀਨੀ ਬਨਾਉਣ ਲਈ ਕਿ ਸਰਕਾਰ ਅਤੇ ਹੋਰ ਮੈਂਬਰਾਂ ਦੁਆਰਾ ਦੱਖਣੀ ਔਸਟ੍ਰੇਲਿਆਈ ਲੋਕਾਂ ਦੀ ਗੱਲ ਨੂੰ ਸੁਣਿਆ ਜਾ ਰਿਹਾ ਹੈ, ਸੰਸਦ ਦੇ ਮੈਂਬਰ Grievance Debates (ਸ਼ਿਕਾਇਤਾਂ 'ਤੇ ਬਹਿਸ), Matters of Interest (ਹਿੱਤ ਦੇ ਮਾਮਲਿਆਂ) ਅਤੇ Motions (ਪ੍ਰਸਤਾਵਾਂ) ਉੱਤੇ ਬੋਲ ਸਕਦੇ ਹਨ।

**ਸਮੀਖਿਆ**: ਵੱਖ-ਵੱਖ ਸਰਕਾਰੀ ਵਿਭਾਗਾਂ ਲਈ ਜ਼ਿੰਮੇਵਾਰ ਮੰਤਰੀ ਵੀ ਸੰਸਦ ਵਿੱਚ ਕੰਮ ਕਰਦੇ ਹਨ। ਇਸਦਾ ਮਤਲਬ ਹੈ ਕਿ ਤੁਹਾਡੇ ਪ੍ਰਤੀਨਿਧ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਉਨ੍ਹਾਂ ਦੇ ਕੰਮ ਦੀ ਸਮੀਖਿਆ ਅਤੇ ਉਨ੍ਹਾਂ ਨੂੰ ਸਵਾਲ ਕਰ ਸਕਦੀਆਂ ਹਨ। ਸੰਸਦ ਦੇ ਮੈਂਬਰ ਮੰਤਰੀਆਂ ਨੂੰ ਸਵਾਲ ਪੁੱਛ ਸਕਦੇ ਹਨ - ਅਜਿਹਾ ਦੋਹਾਂ ਵੇਲੇ ਕੀਤਾ ਜਾ ਸਕਦਾ ਹੈ - ਪ੍ਰਸ਼ਨ ਕਾਲ ਦੌਰਾਨ (ਬਿਨਾਂ ਨੋਟਿਸ ਦੇ ਸਵਾਲ ਪੁੱਛਣਾ) ਜਾਂ "On Notice / ਆਨ ਨੋਟਿਸ" ਨਾਮਕ ਪ੍ਰਸ਼ਨ-ਪ੍ਰਣਾਲੀ ਰਾਹੀਂ।

**ਵਿੱਤੀ**: ਸੰਸਦ ਉਹ ਜਗ੍ਹਾ ਹੈ ਜਿੱਥੇ ਸਰਕਾਰੀ ਖਰਚਿਆਂ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ। ਹਰ ਸਾਲ ਬਜਟ ਦਾ ਪਾਸ ਹੋਣਾ ਲਾਜਮੀ ਹੈ। ਇਸ ਨੂੰ ਆਮ ਤੌਰ 'ਤੇ ਜੂਨ ਦੇ ਮਹੀਨੇ ਵਿੱਚ ਆਉਣ ਵਾਲੇ ਵਿੱਤੀ ਸਾਲ ਲਈ ਪੇਸ਼ ਕੀਤਾ ਜਾਂਦਾ ਹੈ।

**ਲੈਜਿਸਲੇਟਿਵ (ਵਿਧਾਨਕ)** ਸੰਸਦ ਉਹ ਸਥਾਨ ਹੈ ਜਿੱਥੇ ਦੱਖਣੀ ਆਸਟ੍ਰੇਲੀਆਈ ਕਾਨੂੰਨ ਬਣਾਏ ਅਤੇ ਬਦਲੇ ਜਾਂਦੇ ਹਨ।

## ਇਮਾਰਤ

ਇਸ ਪਰੰਪਰਾਗਤ ਇਮਾਰਤ ਵਿੱਚ ਸੰਗਮਰਮਰ ਦੇ ਖੰਭੇ, ਕੋਰਿੰਥੀਅਨ ਕੈਪੀਟਲਸ (Corinthian capitals), ਅਤੇ 19ਵੀਂ ਸਦੀ ਦੇ ਗਵਰਨਰਾਂ, ਪ੍ਰੇਸੀਡੈਂਟਾਂ ਅਤੇ ਸਪੀਕਰਾਂ ਦੀ ਕੀਸਟੋਨ (ਪੱਥਰਾਂ ਦੀ) ਨੱਕਾਸ਼ੀ ਮੌਜੂਦ ਹੈ। ਪ੍ਰਮੁੱਖ ਨਿਰਮਾਣ ਸਮੱਗਰੀ ਵਿੱਚ ਕਪੁੰਡਾ (Kapunda) ਸੰਗਮਰਮਰ ਅਤੇ ਵਿਕਟਰ ਹਾਰਬਰ ਗ੍ਰੇਨਾਈਟ ਵਰਤਿਆ ਗਿਆ ਸੀ। ਚੈਂਬਰ ਬ੍ਰਿਤਾਨੀ ਪਰੰਪਰਾ ਅਨੁਸਾਰ ਲੈਜਿਸਲੇਟਿਵ ਕੌਂਸਲ (ਵਿਧਾਨ ਪਰੀਸ਼ਦ) ਲਈ ਲਾਲ ਅਤੇ ਹਾਊਸ ਆੱਫ ਅਸੈਂਬਲੀ (ਵਿਧਾਨਸਭਾ) ਲਈ ਹਰੇ ਰੰਗ ਵਿੱਚ ਢਾਲੇ ਗਏ ਹਨ। ਅਸੈਂਬਲੀ 5 ਜੂਨ, 1889 ਨੂੰ ਖੋਲ੍ਹੀ ਗਈ ਸੀ। 5 ਜੂਨ, 1939 ਤੋਂ ਸ਼ੁਰੂ ਹੋਣ ਵਾਲੀ ਵਿਧਾਨ ਪਰੀਸ਼ਦ 'ਤੇ ਕੰਮ ਸ਼ੁਰੂ ਕਰਨ ਦੇ ਲਈ 1936 ਵਿੱਚ, Sir Langdon Bonython ਨੇ £100,000 (ਪਾਊਂਡ) ਦਾ ਤੋਹਫਾ ਦਿੱਤਾ। ਦੋ ਪ੍ਰੀਮੀਅਰ, Tom Price (1905-1909) ਅਤੇ Frank Walsh (1965-1967), ਦੋਵਾਂ ਨੇ ਸਾਈਟ 'ਤੇ ਸਟੋਨਮੇਸਨ (ਪੱਥਰ ਕਟਾਈ) ਦਾ ਕੰਮ ਕੀਤਾ।

## ਸ਼ਾਮਲ ਹੋਣਾ

**ਇੱਥੇ ਆਉਣਾ** ਪਾਰਲੀਮੈਂਟ ਹਾਊਸ King William Street ਅਤੇ North Terrace ਦੇ ਕੋਨੇ 'ਤੇ ਹੈ। ਦੋਵਾਂ ਸਦਨਾਂ ਵਿੱਚ ਹੋਣ ਵਾਲੀਆਂ ਬੈਠਕਾਂ ਜਨਤਕ ਤੌਰ 'ਤੇ ਲੋਕਾਂ ਲਈ ਖੁੱਲ੍ਹੀਆਂ ਹਨ ਅਤੇ ਆਉਣ ਵਾਲਿਆਂ ਦਾ ਸੁਆਗਤ ਹੈ। ਜਦੋਂ ਸੰਸਦ ਦਾ ਸੈਸ਼ਨ ਚੱਲ ਨਾ ਰਿਹਾ ਹੋਵੇ ਤਾਂ ਹਫ਼ਤੇ ਦੇ ਕੰਮਕਾਜੀ ਦਿਨਾਂ ਨੂੰ ਸਵੇਰੇ 10:00 ਵਜੇ ਅਤੇ ਦੁਪਹਿਰ 2:00 ਵਜੇ ਗਾਈਡਡ ਟੂਰ ਉਪਲਬਧ ਹਨ। ਆਉਣ ਲੀਈ ਸਾਰੇ ਸੈਸ਼ਨ ਮੁਫਤ ਹਨ। ਸਕੂਲਾਂ ਦੇ ਅਤੇ ਹੋਰ ਸਮੂਹਿਕ ਦੌਰੇ ਤੁਹਾਡੇ ਸਥਾਨਕ ਸਾਂਸਦ ਰਾਹੀਂ ਬੁੱਕ ਕੀਤੇ ਜਾਣੇ ਚਾਹੀਦੇ ਹਨ। ਜੇਕਰ ਤੁਸੀਂ ਸੰਸਦ ਨੂੰ ਵਿਅਕਤੀਗਤ ਤੌਰ 'ਤੇ ਨਹੀਂ ਦੇਖ ਪਾਂਦੇ ਹੋ, ਤਾਂ ਤੁਸੀਂ ਇਸਦਾ ਲਾਈਵ ਪ੍ਰਸਾਰਣ ਔਨਲਾਈਨ ਦੇਖ ਸਕਦੇ ਹੋ।

**Hansard (ਹੈਂਸਰਡ)** ਸੰਸਦ ਦੀਆਂ ਬਹਿਸਾਂ ਦੀ ਅਧਿਕਾਰਤ ਰਿਪੋਰਟ ਨੂੰ ਹੈਂਸਰਡ ਕਿਹਾ ਜਾਂਦਾ ਹੈ। ਸੰਸਦ ਦੀ ਪੂਰੀ ਕਾਰਵਾਈ ਨੂੰ ਤੁਸੀਂ ਹੈਂਸਰਡ ਵਿੱਚ ਪੜ੍ਹ ਸਕਦੇ ਹੋ। ਹੈਂਸਰਡ ਸੰਸਦ ਦੀ ਵੈੱਬਸਾਈਟ 'ਤੇ ਉਪਲਬਧ ਹੈ।

**ਕਮੇਟੀਆਂ** ਮੈਂਬਰਾਂ ਦੇ ਛੋਟੇ ਸਮੂਹ ਕਮੇਟੀਆਂ ਵਿੱਚ ਸੰਗਠਿਤ ਕੀਤੇ ਜਾਂਦੇ ਹਨ ਜੋ ਸਦਨਾਂ ਦੀ ਤਰਫੋਂ ਵਿਸਥਾਰਪੂਰਵਕ ਕੰਮ ਕਰਦੇ ਹਨ। ਸੰਸਦੀ ਕਮੇਟੀਆਂ ਕੋਲ ਆਪਣੇ ਹਵਾਲੇ ਦੀਆਂ ਸ਼ਰਤਾਂ ਦੇ ਅੰਤਰਗਤ ਆਉਣ ਵਾਲੇ ਮਾਮਲਿਆਂ ਬਾਰੇ ਗਵਾਹੀਆਂ ਪ੍ਰਾਪਤ ਕਰਨ ਦੀ ਅਤੇ ਉਨ੍ਹਾਂ ਬਾਰੇ ਰਿਪੋਰਟ ਕਰਨ ਦੀਆਂ ਵਿਆਪਕ ਸ਼ਕਤੀਆਂ ਹੁੰਦੀਆਂ ਹਨ। ਜਨਤਾ ਬੇਨਤੀਆਂ ਲਗਾ ਕੇ ਅਤੇ ਜਨਤਕ ਸੁਣਵਾਈ ਦੇ ਸੈਸ਼ਨਾਂ ਵਿੱਚ ਸ਼ਾਮਲ ਹੋ ਕੇ ਕਮੇਟੀਆਂ ਨਾਲ ਗੱਲਬਾਤ ਕਰ ਸਕਦੀ ਹੈ।

**ਪੇਟੀਸ਼ਨ (ਬੇਨਤੀਆਂ):** ਪਟੀਸ਼ਨ ਕਿਸੇ ਕਿਸਮ ਦੀ ਕਾਰਵਾਈ ਲਈ ਬੇਨਤੀ ਕਰਨ ਨੂੰ ਕਿਹਾ ਜਾਂਦਾ ਹੈ। ਕੋਈ ਵੀ ਨਾਗਰਿਕ ਜਾਂ ਨਾਗਰਿਕਾਂ ਦਾ ਕੋਈ ਸਮੂਹ, ਕਾਰਵਾਈ ਕਰਨ ਲਈ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਟੀਸ਼ਨ ਦਾਇਰ ਕਰ ਸਕਦਾ ਹੈ। ਉਦਾਹਰਨ ਦੇ ਤੌਰ 'ਤੇ, ਪਟੀਸ਼ਨ ਸਦਨ ਨੂੰ ਕੋਈ ਕਾਨੂੰਨ ਪੇਸ਼ ਕਰਨ, ਜਾਂ ਕਿਸੇ ਮੌਜੂਦਾ ਕਾਨੂੰਨ ਨੂੰ ਰੱਦ ਕਰਨ ਜਾਂ ਉਸ ਵਿੱਚ ਬਦਲਾਅ ਲਿਆਉਣ ਲਈ, ਜਾਂ ਕਿਸੇ ਖਾਸ ਮਕਸਦ ਲਈ ਜਾਂ ਵਿਸ਼ੇਸ਼ ਵਿਅਕਤੀਆਂ ਦੇ ਹੱਕ ਵਿੱਚ ਕਿਸੇ ਪ੍ਰਕਾਰ ਦੀ ਕਾਰਵਾਈ ਕਰਨ ਲਈ ਬੇਨਤੀ ਕਰ ਸਕਦੀ ਹੈ। ਸੰਸਦ ਵਿਚ ਪਟੀਸ਼ਨ ਦਾਇਰ ਕਰਨਾ, ਸਾਰੇ ਨਾਗਰਿਕਾਂ ਦਾ ਲੰਬੇ ਸਮੇਂ ਤੋਂ ਸਥਾਪਿਤ, ਇੱਕ ਮੌਲਿਕ ਅਧਿਕਾਰ ਹੈ। ਇਹ ਕਿਸੇ ਵੀ ਵਿਅਕਤੀ ਜਾਂ ਸਮੂਹ ਨੂੰ ਸੰਸਦ ਦੇ ਸਾਹਮਣੇ ਸ਼ਿਕਾਇਤਾਂ ਰੱਖਣ ਦਾ ਇੱਕ ਮੌਕਾ ਪ੍ਰਦਾਨ ਕਰਦਾ ਹੈ। ਇਹ ਲੋਕਾਂ ਅਤੇ ਸੰਸਦ ਵਿੱਚਕਾਰ ਹੋਣ ਵਾਲੀ ਸਿੱਧੀ ਗੱਲਬਾਤ ਦੇ ਕੁੱਝ ਤਰੀਕਿਆਂ ਵਿੱਚੋਂ ਇੱਕ ਹੈ।

**ਪ੍ਰਦਰਸ਼ਨ:** ਸੰਸਦ ਭਵਨ ਦੀਆਂ ਪੌੜੀਆਂ 'ਤੇ ਰੈਲੀਆਂ ਜਾਂ ਪ੍ਰਦਰਸ਼ਨਾਂ ਦੀ ਇਜਾਜ਼ਤ ਹੈ ਪਰ ਇਹ ਜ਼ਰੂਰੀ ਹੈ ਕਿ ਪ੍ਰਬੰਧਕ, ਸਪੀਕਰ ਅਤੇ ਪ੍ਰੈਸੀਡੇਂਟ ਤੋਂ ਇਜਾਜ਼ਤ ਲੈ ਲੈਣ। ਇਹ ਸੰਸਦ ਵਿੱਚ ਹਾਜ਼ਰ ਲੋਕਾਂ ਜਾਂ ਫੁੱਟਪਾਥਾਂ ਅਤੇ ਸੜਕਾਂ ਦੀ ਵਰਤੋਂ ਕਰਨ ਵਾਲੇ ਆਮ ਲੋਕਾਂ ਅਤੇ ਰੈਲੀ ਜਾਂ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੇ ਹਿੱਤ ਦੀ ਗੱਲ ਹੈ।

**ਮੈਂਬਰਾਂ ਨਾਲ ਸੰਪਰਕ ਕਰਨਾ:** ਮੁੱਦਿਆਂ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਵਾਸਤੇ ਆਪਣੇ ਪ੍ਰਤੀਨਿਧੀਆਂ ਨਾਲ ਗੱਲ ਕਰਨ ਲਈ ਤੁਸੀਂ ਸਾਡੀ ਵੈੱਬਸਾਈਟ 'ਤੇ ਮੈਂਬਰਾਂ ਦੀ ਸੰਪਰਕ ਜਾਣਕਾਰੀ ਵੇਖ ਸਕਦੇ ਹੋ।

## ਸੰਘੀ ਸੰਸਦ ਨਾਲ ਤੁਲਨਾ

| | Federal Parliament (ਸੰਘੀ ਸੰਸਦ) | |
|---|---|---|
| | House of Representatives (ਲੋਕ ਸਭਾ) | Senate (ਸੈਨੇਟ) |
| ਹੋਰ ਨਾਮ | ਹੇਠਲਾ ਸਦਨ | ਉੱਪਰਲਾ ਸਦਨ |
| **ਮੈਂਬਰ** | 151 | 76 |
| ਨੁਮਾਇੰਦਗੀ | ਹਰੇਕ ਸੰਸਦ ਮੈਂਬਰ 110,000 ਵੋਟਰਾਂ ਦੇ ਹਲਕੇ ਦੀ ਨੁਮਾਇੰਦਗੀ ਕਰਦਾ ਹੈ | ਹਰੇਕ ਸੈਨੇਟਰ ਆਪਣੇ ਰਾਜ ਜਾਂ ਖੇਤਰ ਦੀ ਨੁਮਾਇੰਦਗੀ ਕਰਦਾ ਹੈ। ਹਰੇਕ ਰਾਜ ਲਈ 12 ਸੈਨੇਟਰ ਹਨ, ਅਤੇ ਹਰੇਕ ਟੈਰੀਟ੍ਰੀ ਲਈ 2 ਹਨ |
| **ਮਿਆਦ** | 3 ਸਾਲ | 6 ਸਾਲ |
| **ਵੋਟਿੰਗ ਸਿਸਟਮ** | Preferential (ਤਰਜੀਹ ਅਨੁਸਾਰ) | Proportional (ਅਨੁਪਾਤਕ) - ਇੱਕਲੌਤਾ ਤਬਾਦਲਾ ਕੀਤਾ ਜਾਣ ਯੋਗ ਮਤ |
| **ਅਧਿਕਾਰ ਖੇਤਰ** | ਪਾਸ ਕੀਤੇ ਗਏ ਕਾਨੂੰਨ ਪੂਰੇ ਆਸਟ੍ਰੇਲੀਆ ਲਈ ਹਨ | ਪਾਸ ਕੀਤੇ ਗਏ ਕਾਨੂੰਨ ਪੂਰੇ ਆਸਟ੍ਰੇਲੀਆ ਲਈ ਹਨ |

| | ਦੱਖਣੀ ਆਸਟ੍ਰੇਲੀਆਈ ਸੰਸਦ | |
|---|---|---|
| | House of Assembly (ਵਿਧਾਨ ਸਭਾ) | Legislative Council (ਵਿਧਾਨ ਪਰੀਸ਼ਦ) |
| ਹੋਰ ਨਾਮ | ਹੇਠਲਾ ਸਦਨ | ਉੱਪਰਲਾ ਸਦਨ |
| **ਮੈਂਬਰ** | 47 | 22 |
| ਨੁਮਾਇੰਦਗੀ | ਹਰੇਕ ਸੰਸਦ ਮੈਂਬਰ 25,000 ਵੋਟਰਾਂ ਦੇ ਹਲਕੇ ਦੀ ਨੁਮਾਇੰਦਗੀ ਕਰਦਾ ਹੈ | ਹਰੇਕ MLC ਪੂਰੇ ਦੱਖਣੀ ਆਸਟ੍ਰੇਲੀਆ ਦੀ ਨੁਮਾਇੰਦਗੀ ਕਰਦਾ ਹੈ |
| **ਮਿਆਦ** | 4 ਸਾਲ | 8 ਸਾਲ |
| **ਵੋਟਿੰਗ ਸਿਸਟਮ** | Preferential (ਤਰਜੀਹ ਅਨੁਸਾਰ) | Proportional - optional preferential (ਅਨੁਪਾਤਕ - ਵਿਕਲਪ ਦੇ ਤੌਰ 'ਤੇ ਤਰਜੀਹ ਮੁਤਾਬਿਕ) |
| **ਅਧਿਕਾਰ ਖੇਤਰ** | ਪਾਸ ਕੀਤੇ ਗਏ ਕਾਨੂੰਨ ਸਿਰਫ਼ ਦੱਖਣੀ ਆਸਟ੍ਰੇਲੀਆ ਲਈ ਹਨ | ਪਾਸ ਕੀਤੇ ਗਏ ਕਾਨੂੰਨ ਸਿਰਫ਼ ਦੱਖਣੀ ਆਸਟ੍ਰੇਲੀਆ ਲਈ ਹਨ |

## ਸਾਡੇ ਨਾਲ ਸੰਪਰਕ ਕਰੋ

**ਟੈਲੀਫੋਨ:** 61 8 8237 9100 | 1800 182 097 (ਟੋਲ ਫ੍ਰੀ)

**ਲਿਖੋ:** GPO Box 572, Adelaide SA 5001, Australia

**ਸਾਨੂੰ ਆ ਕੇ ਮਿਲੋ:** ਪਾਰਲੀਮੈਂਟ ਹਾਊਸ, North Terrace, Adelaide SA 5000, Australia

ਈਮੇਲ: LegCo@parliament.sa.gov.au (ਵਿਧਾਨ ਪਰੀਸ਼ਦ)
Assembly@parliament.sa.gov.au (ਵਿਧਾਨ ਸਭਾ)

**ਵੈੱਬ**: www.parliament.sa.gov.au

**ਸੋਸ਼ਲ ਮੀਡੀਆ:**

| | |
|---|---|
| Faceook (ਫੇਸਬੁੱਕ): | @parliamentsouthaustralia |
| Instagram (ਇੰਸਟਾਗ੍ਰਾਮ): | @parliamentsouthaustralia |
| Youtube (ਯੂਟਿਊਬ): | South Australian Parliament |
| Twitter (ਟ੍ਵਿਟਰ): | @LegCouncilSA \| @AssemblySA |